03001303

# PUNJABI

***Maximum Marks: 80***
***Time Allotted: Three Hours***
***Reading Time: Additional Fifteen Minutes***

## Instructions to Candidates

1. You are allowed an **additional fifteen minutes** for **only** reading the question paper.
2. You must **NOT** start writing during reading time.
3. This question paper has **11 printed pages and one blank page**.
4. It is divided into **two sections: Section A and Section B.**
5. It has **fifteen questions** in all.
6. **Section A** has **three questions.** All questions are compulsory.
7. While attempting **Multiple Choice Questions** in Section A, you are required to **write only ONE option as the answer.**
8. **Section B** has **twelve questions**. You are required to attempt **any four** questions in this section on **any three** out of the four prescribed textbooks.
9. The intended marks for questions are given in brackets [ ].

## Instruction to Supervising Examiner

1. Kindly read **aloud** the Instructions given above to all the candidates present in the examination hall.



Downloaded From www.icseboard.org

## SECTION—A
## LANGUAGE - 40 MARKS

**Question 1** **[15]**

**Write a composition in approximately 400 words in Punjabi on any one of the topics given below.**

**ਹੇਠ ਲਿਖੇ ਵਿੱਚੋਂ ਕਿਸੇ ਇੱਕ ਵਿਸ਼ੇ ਉਪਰ ਲਗਭਗ 400 ਸ਼ਬਦਾਂ ਦਾ ਲੇਖ ਲਿਖੋ।**

(i) ਬਾਰਿਸ਼ ਜਿੱਥੇ ਗਰਮੀ ਤੋਂ ਰਾਹਤ ਦਿੰਦੀ ਹੈ, ਉੱਥੇ ਸਾਡੀ ਜ਼ਿੰਦਗੀ ਲਈ ਅੜਚਣ ਵੀ ਪੈਦਾ ਕਰ ਸਕਦੀ ਹੈ। ਦੋ ਦਿਨਾਂ ਦੀ ਲਗਾਤਾਰ ਬਰਸਾਤ ਨੇ ਸ਼ਹਿਰ ਵਾਸੀਆਂ ਲਈ ਜਿਹੜੀਆਂ ਮੁਸ਼ਕਿਲਾਂ ਪੈਦਾ ਕੀਤੀਆਂ, ਉਨਾਂ ਬਾਰੇ ਇੱਕ ਲੇਖ ਲਿਖੋ।

(ii) ਟ੍ਰੈਕਿੰਗ ਦੌਰਾਨ ਤੁਸੀਂ ਇਕੱਲੇ ਆਪਣੇ ਦੋਸਤਾਂ ਤੋਂ ਅੱਗੇ ਨਿਕਲ ਗਏ। ਇਸ ਦੌਰਾਨ ਅਨੁਭਵ ਕੀਤੇ ਪਲ ਅਤੇ ਪਹਾੜ ਦੀ ਚੋਟੀ ਤੇ ਪਹੁੰਚ ਕੇ ਵੇਖੇ ਮਨਮੋਹਕ ਦ੍ਰਿਸ਼ ਨੂੰ ਇੱਕ ਲੇਖ ਰਾਹੀਂ ਬਿਆਨ ਕਰੋ।

(iii) ਮਸ਼ੀਨੀ ਬੁੱਧੀਮਾਨਤਾ (Artifical Intelligence) ਦਾ ਯੁੱਗ ਸ਼ੁਰੂ ਹੋ ਚੁੱਕਾ ਹੈ। ਇਸਦੇ ਚੰਗੇ ਅਤੇ ਮਾੜੇ ਨਤੀਜਿਆਂ ਬਾਰੇ ਚਰਚਾ ਕਰਦੇ ਹੋਏ ਇੱਕ ਲੇਖ ਲਿਖੋ।

(iv) 'ਸਾਡਾ ਜੀਵਨ ਕੌੜੀਆਂ ਤੇ ਮਿੱਠੀਆਂ ਯਾਦਾਂ ਦਾ ਸਮੂਹ ਹੈ।' ਇਸ ਦੇ ਅਧਾਰ ਤੇ ਆਪਣੇ ਜੀਵਨ ਦੀ ਮਿੱਠੀ ਯਾਦ ਬਾਰੇ ਦੱਸੋ, ਜਿਹੜੀ ਤੁਹਾਨੂੰ ਹਮੇਸ਼ਾ ਯਾਦ ਰਹਿੰਦੀ ਹੈ।

(v) "ਸੁਪਨਿਆਂ ਦੀ ਦੁਨੀਆਂ ਹਕੀਕਤ ਦੀ ਦੁਨੀਆਂ ਨਾਲੋਂ ਵਧੀਆ ਹੈ।" ਇਸ ਕਥਨ ਦੇ ਹੱਕ ਜਾਂ ਵਿਰੋਧ ਵਿੱਚ ਆਪਣੇ ਵਿਚਾਰ ਦਿਉ।

(vi) ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਉੱਪਰ ਮੌਲਿਕ ਕਹਾਣੀ ਲਿਖੋ :

  (a) ਕਿਸੇ ਨੂੰ ਛੋਟਾ ਜਾਂ ਮਾੜਾ ਨਹੀਂ ਸਮਝਣਾ ਚਾਹੀਦਾ।

  (b) ਸਾਂਝਾ ਬਾਬਾ ਕੋਈ ਨਾ ਪਿੱਟੇ।

**Question 2**

**Read the passage given below carefully and answer the questions that follow, using your own words in Punjabi.**

**ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸਦੇ ਅਖੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ, ਜਿੱਥੋਂ ਤੱਕ ਹੋ ਸਕੇ ਆਪਣੀ ਸ਼ਬਦਾਵਲੀ ਦੀ ਵਰਤੋਂ ਕਰੋ।**

ਆਦਿ ਮਾਨਵ ਹੈਰਾਨੀ ਜਨਕ ਰੂਪ ਵਿੱਚ ਘੜੀਆਂ ਗਈਆਂ ਚਟਾਨਾਂ, ਜੰਗਲਾਂ, ਵਚਿੱਤਰ ਦਰਖਤਾਂ ਨੂੰ ਦੇਖਦੇ ਹੋਏ ਭੌਂਚੱਕਾ ਰਹਿ ਜਾਂਦਾ ਸੀ। ਮਨੁੱਖ ਦੇ ਭੈਅ ਨੂੰ ਸਲਾਹਾਂ ਨਾਲ ਦੂਰ ਕਰਨ ਵਾਲੇ ਸਿਆਣੇ ਬੰਦੇ ਤੇ ਬਿਮਾਰੀਆਂ ਦੇ ਦੇਸੀ ਓਹੜ-ਪੁਹੜ ਦੱਸਣ ਵਾਲੇ ਪਹਿਲੇ ਬੰਦੇ ਹੀ ਪਹਿਲੇ ਧਰਮ ਗੁਰੂ ਬਣੇ। ਉਹ ਉਪਦੇਸ਼ ਦਿੰਦੇ ਸਨ, ਸੁਪਨਿਆਂ ਦੀ ਵਿਆਖਿਆ ਕਰਦੇ ਸਨ, ਚੇਤਾਵਨੀਆਂ ਦਿੰਦੇ ਸਨ ਤੇ ਵਿਪਤਾਵਾਂ ਨੂੰ ਦੂਰ ਕਰਨ ਵਾਲੇ ਜਟਿਲ ਜਾਦੂ-ਟੂਣੇ ਕਰਾਉਂਦੇ ਸਨ।



Downloaded From www.icseboard.org

ਅੱਜ ਤੋਂ ਲਗਭਗ ਹਜ਼ਾਰਾਂ ਸਾਲ ਪਹਿਲਾਂ ਵਿਸ਼ਵ ਦੀ ਭੂਗੋਲਿਕ ਸਥਿਤੀ ਅੱਜ ਵਰਗੀ ਹੀ ਸੀ ਉਸ ਸਮੇਂ ਮਨੁੱਖ ਦੀਆਂ ਪ੍ਰਮੁੱਖ ਨਸਲਾਂ ਪਛਾਣ ਵਿੱਚ ਆਉਣ ਲੱਗੀਆਂ ਸਨ। ਨੀਗਰੋ ਜਾਤੀ ਦੇ ਲੋਕ ਅਫਰੀਕਾ ਦੇ ਜੰਗਲਾਂ ਵਿੱਚ ਰਹਿੰਦੇ ਸਨ। ਕਾਕੇਸ਼ੀਆਈ ਲੋਕ ਉੱਤਰੀ ਅਫਰੀਕਾ, ਯੂਰਪ, ਪੱਛਮੀ ਏਸ਼ੀਆ ਤੇ ਭਾਰਤ ਤੱਕ ਫੈਲੇ ਹੋਏ ਸਨ। ਮੰਗੋਲ ਪੂਰਬੀ ਏਸ਼ੀਆ ਵਿੱਚ ਰਹਿ ਰਹੇ ਸਨ। ਲੋਕ ਬ੍ਰਿਟਿਸ਼ ਜਾਂ ਯੂਰਪੀਅਨ ਜਾਤੀਆਂ ਦੀ ਗੱਲ ਕਰਦੇ ਹਨ, ਜਦਕਿ ਸੱਚ ਤਾਂ ਇਹ ਹੈ ਕਿ ਹਰ ਜਾਤੀ ਵਿਭਿੰਨ ਜਾਤੀਆਂ ਦੇ ਅਸਤ-ਵਿਅਸਤ ਮਿਸ਼ਰਣ ਤੋਂ ਬਣੀ ਹੋਈ ਹੈ।

ਮੁੱਢਲੇ ਮਾਨਵ ਨੇ ਪ੍ਰਵਾਸ ਕਰਦੇ ਸਮੇਂ ਰਸਤੇ ਤੈਅ ਕਰਨ ਲਈ ਤਾਰਿਆਂ ਨੂੰ ਦੇਖਣਾ ਸ਼ੁਰੂ ਕੀਤਾ। ਬਾਅਦ ਵਿੱਚ ਖੇਤੀਬਾੜੀ ਵਾਸਤੇ ਮੌਸਮ ਨੂੰ ਸਮਝਣ ਲਈ ਵੀ ਤਾਰਿਆਂ ਨੂੰ ਪਰਖਿਆ ਜਾਣ ਲੱਗਾ। ਇਸ ਤਰ੍ਹਾਂ ਤਾਰਿਆਂ ਦੀ ਪੂਜਾ ਤੇ ਅਧਿਐਨ ਸ਼ੁਰੂ ਹੋਇਆ। ਖੇਤੀਬਾੜੀ ਦੀ ਸ਼ੁਰੂਆਤ ਉੱਤਰੀ ਅਫਰੀਕਾ, ਮੈਸੋਪਟਾਮੀਆ ਤੇ ਅਰਬ ਵਿੱਚ ਹੋਈ। ਅਰਬ ਹੁਣ ਭਾਵੇਂ ਰੇਗਿਸਤਾਨ ਬਣ ਚੁੱਕਾ ਹੈ, ਪਰ ਉਦੋਂ ਉਹ ਬਹੁਤ ਉਪਜਾਊ ਸੀ। ਹੌਲੀ-ਹੌਲੀ ਖੇਤੀਬਾੜੀ ਯੂਰਪ ਤੇ ਭਾਰਤ ਵਿੱਚ ਫੈਲਦੀ ਚਲੀ ਗਈ।

ਮਿਸ਼ਰ ਪਹਿਲਾ ਦੇਸ਼ ਹੈ ਜਿੱਥੇ ਦੁਨੀਆਂ ਦੇ ਪਹਿਲੇ ਪਿੰਡ, ਸ਼ਹਿਰ, ਮੰਦਰ, ਵਿਕਸਿਤ ਸਿੰਜਾਈ ਅਤੇ ਪੜ੍ਹਾਈ ਲਿਖਾਈ ਸ਼ੁਰੂ ਹੋਈ ਫਰਾਤ ਅਤੇ ਦਜ਼ਲਾ ਨਦੀਆਂ ਦੇ ਵਿਚਕਾਰ ਸੁਮੇਰੀਅਨ ਲੋਕਾਂ ਨੇ ਪਹਿਲੇ ਨਗਰਾਂ ਦਾ ਨਿਰਮਾਣ ਕੀਤਾ। ਉਹਨਾਂ ਨੇ ਕਾਸ਼ੀ ਦਾ ਪ੍ਰਯੋਗ ਕਰਨਾ ਸਿੱਖ ਲਿਆ ਸੀ। ਉਹ ਧੁੱਪ ਵਿੱਚ ਸੁਕਾਈਆਂ ਇੱਟਾਂ ਦੀ ਵਰਤੋਂ ਮਿਨਾਰਾਂ ਵਰਗੇ ਮੰਦਰ ਬਣਾਉਣ ਲਈ ਕਰਦੇ ਸਨ। ਇਸ ਇਲਾਕੇ ਦੀ ਮਿੱਟੀ ਬਹੁਤ ਵਧੀਆ ਹੈ। ਇਸ ਕਰਕੇ ਮਿੱਟੀ ਦੀਆਂ ਲਿਖਤ-ਸਿੱਲਾਂ ਸਹੀ ਸਲਾਮਤ ਬਚੀਆਂ ਰਹੀਆਂ ਤੇ ਆਧੁਨਿਕ ਸਮੇਂ ਵਿੱਚ ਪੜ੍ਹੀਆਂ ਜਾ ਸਕੀਆਂ। ਇਹ ਲੋਕ ਭੇਡਾਂ, ਬੱਕਰੀਆਂ ਤੇ ਗਧੇ ਪਾਲਦੇ ਸਨ।

ਮਨੁੱਖੀ ਸਮਾਜ ਦੇ ਵਿਕਾਸ ਵਿੱਚ ਲਿਖਣ ਕਲਾ ਦੀ ਕਾਢ ਮਹੱਤਵਪੂਰਨ ਘਟਨਾ ਸੀ। ਇਸ ਨੇ ਭਿੰਨ ਮਾਨਵੀ ਸਮੂਹਾਂ ਵਿਚਕਾਰ ਸਮਝੌਤਿਆਂ, ਆਦੇਸ਼ਾਂ ਤੇ ਕਾਨੂੰਨਾਂ ਨੂੰ ਦਸਤਾਵੇਜ਼ੀ ਰੂਪ ਦੇਣਾ ਸੰਭਵ ਬਣਾਇਆ। ਇਸ ਨੇ ਨਗਰ ਰਾਜਿਆਂ ਤੋਂ ਵੱਡੇ ਰਾਜਿਆਂ ਦਾ ਰਾਜ ਸੰਭਵ ਬਣਾਇਆ। ਲਿਖਤੀ ਆਦੇਸ਼ ਰਾਜੇ ਦੀ ਆਵਾਜ਼ ਤੋਂ ਬਿਨਾਂ ਦੂਰ ਤੱਕ ਭੇਜੇ ਜਾ ਸਕਦੇ ਸਨ।

ਮੁੱਢਲੇ ਰਾਜਿਆਂ ਨੇ ਨੌਜਵਾਨਾਂ ਨੂੰ ਸੈਨਿਕ ਬਣਾ ਕੇ ਗੁਆਂਢੀ ਨਗਰਾਂ ਦੇ ਲੋਕਾਂ ਨੂੰ ਲੁੱਟਣ ਲਈ ਭੇਜਣਾ ਸ਼ੁਰੂ ਕੀਤਾ। ਇਹ ਲੁੱਟ ਦੇ ਯੁੱਗ ਦੀ ਸ਼ੁਰੂਆਤ ਸੀ। ਲੁੱਟ ਦੇ ਪੈਸਿਆਂ ਨਾਲ ਵੱਡੀਆਂ ਇਮਾਰਤਾਂ ਦਾ ਨਿਰਮਾਣ ਕਰਾਉਣਾ ਸ਼ੁਰੂ ਕੀਤਾ ਉਹਨਾਂ ਦਿਨਾਂ ਵਿੱਚ ਹੀ ਮਿਸ਼ਰ ਦੇ ਮਸ਼ਹੂਰ ਪਿਰਾਮਿਡ ਬਣਾਏ ਗਏ, ਇਹ ਇੱਕ ਤਰਹਾਂ ਦੀਆਂ ਵੱਡੀਆਂ ਸਮਾਧਾਂ ਹਨ।



Downloaded From www.icseboard.org

ਹੌਲੀ-ਹੌਲੀ ਪੂਰੀ ਦੁਨੀਆਂ ਵਿੱਚ ਘੁਮੰਤਰੂ ਜੀਵਨ ਸ਼ੈਲੀ ਦਾ ਤਿਆਗ ਹੋਣ ਲੱਗਾ। ਜਿੱਥੇ ਵੀ ਜ਼ਮੀਨ ਉਪਜਾਊ ਸੀ ਤੇ ਪਾਣੀ ਉਪਲਬਧ ਸੀ, ਖੇਤੀ ਹੋਣ ਲੱਗੀ। ਭਾਰਤ ਤੇ ਚੀਨ ਵਿੱਚ ਵੀ ਸਭਿਅਤਾਵਾਂ ਸਥਾਪਿਤ ਹੋਣ ਲੱਗੀਆਂ। ਯੂਰਪ ਵਿੱਚ ਜਿਨ੍ਹਾਂ ਝੀਲਾਂ ਵਿੱਚ ਮੱਛੀਆਂ ਭਰਪੂਰ ਮਾਤਰਾ ਵਿੱਚ ਮਿਲਦੀਆਂ ਸਨ, ਉਹਨਾਂ ਝੀਲਾਂ ਵਿੱਚ ਲੋਕ ਖੰਭੇ ਗੱਡ ਕੇ ਘਰ ਬਣਾਉਣ ਲੱਗੇ। ਉਹ ਮੱਛੀ ਅਤੇ ਸ਼ਿਕਾਰ 'ਤੇ ਨਿਰਭਰ ਸਨ।

ਪੱਕੇ ਤੌਰ ਤੇ ਵਸਣ ਲਈ ਮਨੁੱਖ ਨੂੰ ਉਪਜਾਊ ਜ਼ਮੀਨ, ਪਾਣੀ ਅਤੇ ਧੁੱਪ ਦੀ ਜ਼ਰੂਰਤ ਸੀ। ਜਿੱਥੇ ਇਹਨਾਂ ਚੀਜ਼ਾਂ ਦੀ ਘਾਟ ਸੀ, ਮਨੁੱਖ ਉੱਥੇ ਸ਼ਿਕਾਰ ਕਰਦਾ ਤੇ ਭ੍ਰਮਣ ਕਰਦਾ ਜਾਂਦਾ ਸੀ। ਪਰ ਪੱਕੇ ਤੌਰ ਤੇ ਨਹੀਂ ਵਸਦਾ ਸੀ। ਜੰਗਲੀ ਜਾਨਵਰਾਂ ਨੂੰ ਧਨ ਵਜੋਂ ਸਮਝਣ ਲਈ ਉਸਦੀ ਸੋਝੀ ਵਿਕਸਿਤ ਹੋਈ। ਉਸਨੇ ਜਾਨਵਰਾਂ ਨੂੰ ਪਾਲਤੂ ਬਣਾਉਣ ਲਈ ਖ਼ਤਰਨਾਕ ਜੰਗਲੀ ਜਾਨਵਰਾਂ ਨਾਲ ਲੜਾਈ ਲੜੀ। ਉਸਨੇ ਪਸ਼ੂਆਂ ਦੀ ਸੁਰੱਖਿਆ ਲਈ ਮਜ਼ਬੂਤ ਬਾੜਿਆਂ ਦਾ ਨਿਰਮਾਣ ਕੀਤਾ। ਇਸ ਦੇ ਸਮਾਨ ਅੰਤਰ ਸਰਦੀਆਂ ਦੀਆਂ ਚਰਗਾਹਾਂ ਤੋਂ ਗਰਮੀਆਂ ਦੀਆਂ ਚਰਗਾਹਾਂ ਤੱਕ ਅਦਲਾ-ਬਦਲੀ ਕਰਨ ਵਾਲੇ ਚਰਵਾਹੇ ਵੀ ਹੋਂਦ ਵਿੱਚ ਆਏ। ਕਿਸਾਨਾਂ ਦੇ ਮੁਕਾਬਲੇ ਘੁੰਮੱਕੜ ਚਰਵਾਹੇ ਸਰੀਰਕ ਤੌਰ 'ਤੇ ਵਧੇਰੇ ਮਜ਼ਬੂਤ ਸਨ।

(i) ਪਹਿਲੇ ਧਰਮ ਗੁਰੂ ਕਿਵੇਂ ਬਣੇ ? ਉਹ ਕੀ ਕਰਦੇ ਸਨ ? [3]

(ii) ਸੁਮੇਰੀਅਨ ਲੋਕਾਂ ਬਾਰੇ ਕੀ ਜਾਣਕਾਰੀ ਦਿੱਤੀ ਗਈ ਹੈ ? [3]

(iii) ਮਨੁੱਖ ਦੇ ਵਿਕਾਸ ਵਿੱਚ ਲਿਖਣ ਕਲਾ ਦਾ ਕੀ ਮਹੱਤਵ ਹੈ ? [3]

(iv) ਹੌਲੀ-ਹੌਲੀ ਪੂਰੀ ਦੁਨੀਆਂ ਵਿੱਚ ਘੁਮੰਤਰੂ ਜੀਵਨ ਸ਼ੈਲੀ ਦਾ ਤਿਆਗ ਹੋਣ ਲੱਗਾ :

(a) ਇਸ ਕਥਨ ਤੋਂ ਪਤਾ ਲਗਦਾ ਹੈ ? [1]

(1) ਦੁਨੀਆਂ ਫਲ ਖਾ ਕੇ ਗੁਜ਼ਾਰਾ ਕਰਦੀ ਸੀ

(2) ਦੁਨੀਆਂ ਮਾਸ ਖਾਂਦੀ ਸੀ

(3) ਲੋਕ ਪੱਕਾ ਟਿਕਾਣਾ ਬਣਾ ਕੇ ਰਹਿਣ ਲੱਗੇ

(4) ਲੋਕ ਸਮਾਧਾਂ ਦੀ ਪੂਜਾ ਕਰਨ ਲੱਗੇ

(b) ਘੁਮੰਤਰੂ ਤੋਂ ਕੀ ਭਾਵ ਹੈ ? [1]

(1) ਘੁੰਮ-ਫਿਰ ਕੇ ਜੀਵਨ ਬਿਤਾਉਣਾ

(2) ਫਲ ਖਾ ਕੇ ਗੁਜ਼ਾਰਾ ਕਰਨ

(3) ਪੱਕਾ ਟਿਕਾਣਾ ਬਣਾ ਕੇ ਰਹਿਣ ਵਾਲਾ

(4) ਜੰਗਲੀ ਜੀਵਾਂ ਨੂੰ ਮਾਰਨ ਵਾਲਾ



Downloaded From www.icseboard.org

(c) ਪੈਰ੍ਹੇ ਅਨੁਸਾਰ : [1]

(1) ਆਦਿ ਮਨੁੱਖ ਨੂੰ ਦਰਖਤ ਤੇ ਚੜ੍ਹਨਾ ਨਹੀਂ ਆਉਣਾ ਸੀ।

(2) ਹਰ ਜਾਤੀ ਭਿੰਨ ਜਾਤੀਆਂ ਦੇ ਮਿਸ਼ਰਣ ਤੋਂ ਬਣੀ ਹੈ।

(3) ਸਿਆਣੇ ਵਿਅਕਤੀ ਉਪਦੇਸ਼ ਨਹੀਂ ਦਿੰਦੇ ਸਨ।

(4) ਮਨੁੱਖ ਬਰਫ ਦੇ ਪਾਣੀ ਨੂੰ ਉਬਾਲ ਕੇ ਪੀਂਦਾ ਸੀ।

(v) ਅਰਬ ਭਾਵੇਂ ਹੁਣ ਰੇਗਿਸਤਾਨ ਬਣ ਚੁੱਕਾ ਹੈ ਪਰ ਉਦੋਂ ਉਹ ਬਹੁਤ ਉਪਜਾਊ ਸੀ :

(a) 'ਉਪਜਾਊ' ਸ਼ਬਦ ਦਾ ਅਰਥ ਹੈ : [1]

(1) ਬਰਾਨੀ

(2) ਬਕਾਨੀ

(3) ਚਾਹੀ

(4) ਉਤਪਾਦਕ

(b) 'ਰੇਗਿਸਤਾਨ' ਸ਼ਬਦ ਦਾ ਅਰਥ ਹੈ : [1]

(1) ਕਲਰ

(2) ਮਾਰੂਥਲ

(3) ਮੈਰਾ

(4) ਹਿਮਾਦੀ

(c) 'ਜਟਿਲ' ਸ਼ਬਦ ਦਾ ਅਰਥ ਹੈ : [1]

(1) ਬੇਗਾਨਾ

(2) ਸਿਰਮੌਰ

(3) ਉਪਮਾ

(4) ਗੁੰਝਲਦਾਰ

Downloaded From www.icseboard.org

**Question 3**

**(A) Do as directed.**

**ਹੇਠ ਲਿਖੇ ਵਾਕਾਂ ਨੂੰ ਹਦਾਇਤਾਂ ਅਨੁਸਾਰ ਲਿਖੋ।**

(i) ਹੇਠ ਲਿਖੇ ਵਾਕ ਦਾ ਸ਼ੁੱਧ ਰੂਪ ਲਿਖੋ : [1]

ਉਸ ਨੇ ਖਾਧੀ ਰੋਟੀ ਪਕਾ ਕੇ।

(ii) ਖਾਲੀ ਸਥਾਨ ਭਰੋ : [1]

ਨਾਨੀ ਮਾਂ ਨੇ ਬਹੁਤ ਚੰਗੀ ................ ਸੁਣਾਈ।

(iii) ਹੇਠ ਲਿਖੇ ਵਾਕਾਂ ਵਿੱਚੋਂ ਸ਼ੁੱਧ ਵਾਕ ਚੁਣੋ : [1]

(a) ਪੁਸਤਕਾਲੇ ਦੀਆਂ ਚਾਬੀਆਂ ਹਨ ਕਿਸ ਕੋਲ ?

(b) ਪੁਸਤਕਾਲੇ ਦੀਆਂ ਚਾਬੀਆਂ ਕਿਸ ਕੋਲ ਹਨ ?

(c) ਚਾਬੀਆਂ ਹਨ ਕਿਸ ਕੋਲ ਪੁਸਤਕਾਲੇ ਦੀਆਂ ?

(d) ਕੋਲ ਹਨ ਚਾਬੀਆਂ ਪੁਸਤਕਾਲੇ ਦੀਆਂ ਕਿਸ ਆਦਮੀ ?

(iv) ਹੇਠ ਲਿਖੇ ਵਾਕਾਂ ਵਿੱਚੋਂ ਅਸ਼ੁੱਧ ਵਾਕ ਚੁਣੋ : [1]

(a) ਮੈਂ ਪਰਸੋਂ ਜਲੰਧਰ ਜਾਵਾਂਗੇ।

(b) ਕੱਚ ਦਾ ਗਿਆਸ ਟੁੱਟ ਗਿਆ।

(c) ਔਰਤ ਦਾ ਸਤਿਕਾਰ ਕਰੋ।

(d) ਆਪਣਾ ਕੰਮ ਧਿਆਨ ਨਾਲ ਕਰੋ।

(v) ਹੇਠ ਲਿਖੇ ਵਾਕ ਵਿੱਚ ਲਕੀਰੇ ਸ਼ਬਦ ਦਾ ਸਹੀ ਬਦਲ ਚੁਣੋ : [1]

ਉਸ ਦੀਆਂ ਅੱਖਾਂ ਬਹੁਤ <u>ਸੋਹਣੀਆਂ</u> ਹਨ।

(a) ਖੁਰਦਰੀਆਂ

(b) ਚਮਕੀਲੀਆਂ

(c) ਸੁੰਦਰ

(d) ਹਲਕੀਆਂ

Downloaded From www.icseboard.org

(B) **Use the idioms in the sentences as per the instructions given.**

**ਹੇਠ ਲਿਖੇ ਮੁਹਾਵਰਿਆਂ ਨੂੰ ਹਦਾਇਤਾ ਅਨੁਸਾਰ ਲਿਖੋ।**

(i) ਹੇਠ ਲਿਖੇ ਮੁਹਾਵਰੇ ਨੂੰ ਵਾਕ ਵਿੱਚ ਵਰਤੋ : [1]

ਰਾਹ ਤੱਕਣਾ

(ii) ਹੇਠ ਲਿਖੇ ਮੁਹਾਵਰੇ ਨੂੰ ਸ਼ੁੱਧ ਕਰੋ : [1]

ਰਾਈ ਦਾ ਟਿੱਬਾ ਬਨਾਉਣਾ

(iii) ਹੇਠ ਲਿਖੇ ਵਾਕ ਲਈ ਸਹੀ ਮੁਹਾਵਰੇ ਦੀ ਚੋਣ ਕਰੋ : [1]

ਗਰੀਬ ਵਿਅਕਤੀ ਲਈ ਦੋ ਵਕਤ ਦੀ ਰੋਟੀ ਖਾਣੀ ਵੀ ਮੁਸ਼ਕਲ ਹੋ ਗਈ ਹੈ, ਕਿਉਂਕਿ ਨਿੱਤ ਵਰਤੋਂ ਦੀਆਂ ਚੀਜ਼ਾਂ ਮਹਿੰਗੀਆਂ ਹੋ ਗਈਆਂ ਹਨ।

(a) ਹੱਥ ਵਿਖਾਈ ਨਾ ਦੇਣਾ

(b) ਅੱਗ ਦੇ ਭਾਅ ਹੋਣਾ

(c) ਹਰਨ ਹੋਣਾ

(d) ਅੱਗ ਵਰਨੀ

(iv) ਹੇਠ ਲਿਖੇ ਮੁਹਾਵਰੇ ਲਈ ਸਹੀ ਅਰਥ ਚੁਣੋ : [1]

'ਤੀਰ-ਤੁੱਕਾ ਲਾਉਣਾ'

(a) ਬਹਾਦੁਰੀ ਦਿਖਾਉਣੀ

(b) ਤੀਰ ਚਲਾਉਣੇ

(c) ਅਨੁਮਾਨ ਲਾਉਣਾ

(d) ਤੀਰ ਨਾਲ ਤੁਕੇ ਬਣਾਉਣੇ

(v) ਹੇਠ ਲਿਖੇ ਖਾਲੀ ਸਥਾਨ ਲਈ ਸਹੀ ਮੁਹਾਵਰੇ ਦੀ ਚੋਣ ਕਰੋ : [1]

ਕਿਸਾਨ ਖੇਤਾਂ ਵਿੱਚ ਫ਼ਸਲ ਬੀਜਣ ਲਈ .................... ਦਿੰਦੇ ਹਨ।

(a) ਠੰਡੀਆਂ ਛਾਵਾਂ ਮਾਨਣਾ

(b) ਖੂਨ ਪਸੀਨਾ ਇੱਕ ਕਰਨਾ

(c) ਉਬਾਲੇ ਖਾਣਾ

(d) ਖ਼ਾਕ ਛਾਨਣਾ

Downloaded From www.icseboard.org

## SECTION—B

## LITERATURE - 40 MARKS

Answer ***four*** questions from this section on ***any three*** out of the four prescribed text books.

ਨਿਰਧਾਰਤ ਪਾਠ ਪੁਸਤਕਾਂ ਵਿੱਚੋਂ ਕਿਸੇ ਵੀ ਤਿੰਨ ਪੁਸਤਕਾਂ ਵਿੱਚੋਂ ਚਾਰ ਪ੍ਰਸ਼ਨਾਂ ਦੇ ਉੱਤਰ ਦਿਓ।

### ਮੜ੍ਹੀ ਦਾ ਦੀਵਾ (MARHI DA DIVA)

**Question 4**

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :-

"ਉਹਦੇ ਪੇਕਿਆਂ-ਵਾਹਰੀ ਹੋਣ ਸਦਕਾ ਈ ਉਹਦੀਆਂ ਚਾਰੇ ਧੀਆਂ ਚੰਗੇ ਘਰੀਂ ਨਹੀਂ ਵਿਆਹੀਆਂ ਗਈਆਂ। ਤਿੰਨਾਂ ਦੇ ਤਾਂ ਸਾਕ ਉੱਥੇ ਕਰਨੇ ਪਏ ਸਨ ਜਿੱਥੇ ਮੁੰਡੇ ਕਈਂ ਵਰ੍ਹਿਆਂ ਤੋਂ ਰੁਕੇ ਹੋਏ ਸਨ। ਨੰਦੀ ਜਗਸੀਰ ਦੇ ਪਿਉ ਅੱਗੇ ਪਿੱਟ ਕੇ ਬਹਿ ਰਹੀ ਸੀ।"

(i) ਨੰਦੀ ਦੇ ਕਿੰਨੇ ਬੱਚੇ ਸਨ ? [1]

(ii) 'ਪੇਕਿਆਂ-ਵਾਹਰੀ' ਤੋਂ ਕੀ ਭਾਵ ਹੈ ? [2]

(iii) ਨੰਦੀ ਜਗਸੀਰ ਦੇ ਪਿਉ ਨੂੰ ਕੀ ਕਹਿੰਦੀ ਸੀ ? [2]

(iv) ਤੁਹਾਡੇ ਵਿਚਾਰ ਅਨੁਸਾਰ ਕੀ ਨੰਦੀ ਨੇ ਠੋਲੇ ਨਾਲ ਭੱਜ ਕੇ ਚੰਗਾ ਕੀਤਾ ਸੀ ਜਾਂ ਮਾੜਾ ? [5]

**Question 5** [10]

ਨਾਵਲ ਵਿੱਚ ਦਲਿਤ ਵਰਗ ਦੀ ਜ਼ਿੰਦਗੀ ਦਾ ਜੋ ਵਰਨਣ ਮਿਲਦਾ ਹੈ, ਉਸਨੂੰ ਸੰਖੇਪ ਵਿੱਚ ਬਿਆਨ ਕਰਦਿਆਂ ਇਸਨੂੰ ਸੁਧਾਰਨ ਲਈ ਸੁਝਾਅ ਦਿਉ।

**Question 6** [10]

ਜਗਸੀਰ ਦਾ ਨਿੱਕੇ ਨਾਲ ਝਗੜਾ ਕਿਉਂ ਹੋਇਆ ? ਤੁਹਾਡੇ ਵਿਚਾਰ ਅਨੁਸਾਰ ਜਗਸੀਰ ਦਾ ਅਜਿਹਾ ਕਰਨਾ ਠੀਕ ਸੀ ਜਾਂ ਗ਼ਲਤ ? ਇਸ ਤੋਂ ਬਾਅਦ ਵਾਪਰੇ ਘਟਨਾਕ੍ਰਮ ਬਾਰੇ ਸੰਖੇਪ ਵਿੱਚ ਲਿਖੋ।

Downloaded From www.icseboard.org

## ਕਲ੍ਹ ਅੱਜ ਤੇ ਭਲਕ (KAL AJJ TE BHALAK)

**Question 7**

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :-

ਭਾਗ ਮੱਲ : "ਫੇਰ ਮੈਨੂੰ ਕਾਹਦਾ ਤੌਖਲਾ ਏ। ਮੈਂ ਕਿਹੜਾ ਲੁੱਟ ਦਾ ਮਾਲ ਲੁਕਾਈ ਬੈਠਾਂ। ਜਿਹੜਾ ਕਰੇਗਾ ਸੋ ਭਰੇਗਾ। ਮੁੰਡੇ ਆਪਣੀ ਕੀਤੀ ਭੁਗਤਣਗੇ।"

(i) ਭਾਗ ਮੱਲ ਉਪਰੋਕਤ ਵਾਰਤਾਲਾਪ ਕਦੋਂ ਬੋਲਦਾ ਹੈ ? [1]

(ii) ਭਲਵਾਨ ਅਨੁਸਾਰ ਭਾਗ ਮੱਲ ਦੇ ਖਿਲਾਫ ਕਿਹੜੀ ਸ਼ਿਕਾਇਤ ਹੋਈ ਸੀ ? [2]

(iii) 'ਜਿਹੜਾ ਕਰੇਗਾ ਸੋ ਭਰੇਗਾ' ਤੋਂ ਕੀ ਭਾਵ ਹੈ ? [2]

(iv) ਜ਼ੈਲਦਾਰ ਅਤੇ ਭਲਵਾਨ ਭਾਗ ਮੱਲ ਦੇ ਮੁੰਡਿਆਂ ਬਾਰੇ ਕੀ ਦੱਸਦੇ ਹਨ ਅਤੇ ਭਾਗ ਮੱਲ ਨੂੰ ਫਸਾਉਣ ਦੇ ਕਿਹੜੇ ਤਰੀਕੇ ਅਪਣਾਉਂਦੇ ਹਨ ? [5]

**Question 8** [10]

ਨਾਟਕਕਾਰ ਨੇ ਨਾਟਕ ਰਾਹੀਂ ਸਮਾਜ ਦੇ ਆਰਥਿਕ ਰਾਜਸੀ ਰਾਹ ਅਖਤਿਆਰ ਕਰਨ ਵਾਲੇ ਠੇਕੇਦਾਰਾਂ ਤੇ ਭਰਪੂਰ ਚੋਟ ਕੀਤੀ ਹੈ, ਵਿਸਥਾਰ ਵਿੱਚ ਲਿਖੋ।

**Question 9** [10]

ਪਿੰਡ ਦੇ ਲੋਕ ਰਾਜ ਮੰਤਰੀ ਦੇ ਸਾਹਮਣੇ ਕਿਹੜੀਆਂ-ਕਿਹੜੀਆਂ ਮੰਗਾਂ ਪੇਸ਼ ਕਰਦੇ ਹਨ ?

## ਕਥਾ-ਸੰਗਮ (KATHA SANGAM)

**Question 10**

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :-

"ਤੇ ਏਨਾ ਤੁਹਾਨੂੰ ਕੀ ਚਾਅ ਚੜ੍ਹਿਆ ਏ ਸਾਈਕਲਾਂ ਦਾ ਅੱਧੀ ਰਾਤੀਂ ਲੁੱਕ-ਲੁੱਕ ਕੇ ਸਿਖਦੀਆਂ ਫਿਰਦੀਆਂ ਓ" "ਨਹੀਂ ਚਾਅ ਕਾਹਦਾ ਏ, ਬਸ ਲੋੜ ਏ।"

(i) ਇਹ ਸ਼ਬਦ ਕਿਸਨੇ ਕਿਸਨੂੰ ਕਹੇ ? [1]

(ii) ਅੱਧੀ ਰਾਤੀਂ ਲੁੱਕ-ਲੁੱਕ ਕੇ ਸਾਈਕਲ ਕਿਉਂ ਸਿੱਖਿਆ ਜਾ ਰਿਹਾ ਸੀ ? [2]

(iii) ਲੇਖਕ ਨੇ ਸੈਰ ਲਈ ਇਕੱਲੇ ਜਾਣ ਦਾ ਫੈਸਲਾ ਕਿਉਂ ਕੀਤਾ ? [2]

(iv) 'ਸ਼ੇਰਨੀਆਂ' ਕਹਾਣੀ ਵਿੱਚ ਸ਼ੇਰਨੀਆਂ ਕਿਸਨੂੰ ਕਿਹਾ ਗਿਆ ਹੈ ਤੇ ਕਿਉਂ ? [5]

Downloaded From www.icseboard.org

[10]

**Question 11**

ਘਰ ਤੋਂ ਕੀ ਭਾਵ ਹੈ ਤੇ ਮਨੁੱਖੀ ਸ਼ਖ਼ਸੀਅਤ ਦੀ ਉਸਾਰੀ ਲਈ ਘਰ ਦਾ ਪਿਆਰ ਕਿਵੇਂ ਜ਼ਿੰਮੇਵਾਰ ਹੈ ? ਲੇਖ ਵਿੱਚ ਦਿੱਤੀਆਂ ਉਦਾਹਰਨਾਂ ਰਾਹੀਂ ਸਪਸ਼ਟ ਕਰੋ।

[10]

**Question 12**

ਮਨੁੱਖੀ ਰਿਸ਼ਤਿਆਂ ਵਿਚਲੇ ਮੋਹ ਤੇ ਮੁੱਲਾਂ ਦਾ ਪਤਨ ਦਰਸਾਉਂਦੀ ਹੋਈ ਕਹਾਣੀ 'ਇੱਕੀਵੀਂ ਸਦੀ' ਦਾ ਸਾਰ ਲਿਖੋ।

**ਕਾਵਿ-ਕਿਆਰੀ (KAV KEYARI)**

**Question 13**

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :-

ਅਸਮਾਨ ਜਿਦ੍ਹੇ ਲਈ ਥਾਲ ਜਿਹਾ,
ਸੂਰਜ ਤੇ ਚੰਦ ਚਿਰਾਗ ਧਰੇ।
ਤਾਰੇ ਜਿਸ ਖ਼ਾਤਰ ਮੋਤੀ ਸਨ,
ਤੇ ਪਵਣ ਚਵਰ ਦਿਨ ਰਾਤ ਕਰੇ।
ਉਸ ਸ਼ਾਇਰ ਦੀ ਕਵਿਤਾ ਦੇ ਵਿੱਚ,
ਇਹ ਲੀਕ ਜਿਹੀ ਕਿਸ ਮਾਰੀ ਏ ?

(i) ਇਹ ਕਵਿਤਾ ਦਾ ਕਵੀ ਕੌਣ ਹੈ ? [1]

(ii) ਕਵਿਤਾ ਵਿੱਚ ਕਿਹੜੇ ਵਿਚਾਰਾਂ ਦੀ ਲੀਕ ਖਿੱਚੀ ਗਈ ਹੈ ? [2]

(iii) ਕਵੀ ਸਮੁੱਚੀ ਕਵਿਤਾ ਦੇ ਅੰਤ ਵਿੱਚ ਕੀ ਸਮਝਾਉਂਦਾ ਹੈ ? [2]

(iv) ਕਵੀ ਤੇਗ਼ ਦੀ ਧਾਰ ਬਾਰੇ ਕੀ ਦੱਸਦਾ ਹੈ ? [5]

Downloaded From www.icseboard.org

**Question 14** **[10]**

ਬਾਬਾ ਫ਼ਰੀਦ ਜੀ ਦੁਆਰਾ ਰਚਿਤ 'ਸ਼ਬਦ ਤੇ ਸਲੋਕਾਂ' ਵਿੱਚ ਮਨੁੱਖ ਨੂੰ ਕੀ ਸਿੱਖਿਆ ਦਿੱਤੀ ਗਈ ਹੈ ?

**Question 15** **[10]**

'ਗੰਗਾ ਰਾਮ' ਕਵਿਤਾ ਵਿੱਚ ਤੋਤੇ ਦੀ ਤਰਸਯੋਗ ਹਾਲਤ ਕਿਵੇਂ ਦਰਸਾਈ ਗਈ ਹੈ ? ਵਰਨਣ ਕਰੋ।

Downloaded From www.icseboard.org